بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਅਾ 12.11.2021

ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਖ਼ਲੀਫ਼ਾ ਰਾਸ਼ਿਦ ਫ਼ਾਰੂਕ ਹਜ਼ਰਤ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਦੇ ਸਦਗੁਣਾ ਦਾ ਜ਼ਿਕਰ

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 12 ਨਵੰਬਰ 2021 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ, ਟਿਲਫ਼ੋਰਡ (ਯੂ.ਕੇ.) ਵਿੱਚ ਦਿਤੱਾ

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔

بِسْمِ اللّٰهِ الرَّحْمٰنِ الرَّحِيْمِ ۔ اَلْحَمْدُ لِلّٰهِ رَبِّ الْعَالَمِيْنَ ۔ الرَّحْمٰنِ الرَّحِيْمِ ۔ مَالِكِ يَوْمِ الدِّيْنِ ۔ إِيَّاكَ نَعْبُدُ وَإِيَّاكَ نَسْتَعِيْنُ ۔ اِهْدِنَا الصِّرَاطَ الْمُسْتَقِيْمَ ۔ صِرَاطَ الَّذِيْنَ أَنْعَمْتَ عَلَيْهِمْ غَيْرِ الْمَغْضُوْبِ عَلَيْهِمْ وَلَا الضَّآلِّيْنَ۔

ਤਸ਼ਹਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਹਜ਼ਰਤ ਹਫ਼ਜ਼ਾ ਰਜ਼ੀ ਅਲੱਾਹੁ ਅਨਹੁ ਨੇ ਇਕ ਵਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਕਿਹਾ ਕਿ ਅਲੱਾਹ ਨੇ ਰਿਜ਼ਕ ਫ਼ੈਲਾਇਆ ਹੈ ਅਤੇ ਆਪ ਨੂੰ ਜਿਤੱਾਂ ਤੋਂ ਬਿਨਾ ਧੰਨ ਮਾਲ ਵੀ ਬਹੁਤ ਪ੍ਰਦਾਨ ਕੀਤਾ ਹੈ ਤਾਂ ਆਪ ਕਿਉਂ ਨਹੀਂ ਨਰਮ ਗ਼ਿਜ਼ਾ (ਖਾਣਾ) ਖਾਇਆ ਕਰਨ ਅਤੇ ਬਹੁਤੇ ਨਰਮ ਵਸਤਰ ਪਾਇਆ ਕਰਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਜਿੱਥੋਂ ਤੱਕ ਮੈਨੂੰ ਤਾਕਤ ਹੋਵੇਗੀ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦੇ ਜੀਵਨ ਦੀਆਂ ਸਖ਼ਤੀਆਂ ਵਿੱਚ ਭਾਗੀ ਰਹਾਂਗਾ ਤਾਂ ਇਹਨਾਂ ਦਿਨਾ ਦੇ ਰਾਹਤ ਭਰੇ ਜੀਵਨ ਵਿੱਚ ਵੀ ਭਾਗੀ ਹੋ ਜਾਵਾਂ । ਹਜ਼ਰਤ ਅਕਰਮਾ ਬਿਨ ਖ਼ਾਲਿਦ ਰਜ਼ੀ ਅਲੱਾਹੁ ਅਨਹੁ ਬਿਆਨ ਕਰਦੇ ਹਨ ਕਿ ਕੁਝ ਲੋਕਾਂ ਤੇ ਵੀ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਕਿਹਾ ਕਿ ਜੇਕਰ ਆਪ ਚੰਗੀ ਉਮਦਹ ਗ਼ਿਜ਼ਾ ਖਾਣ ਤਾਂ ਹੱਕ ਲਈ ਕੰਮ ਕਰਨ ਵਾਸਤੇ ਆਪ ਜੰਗੇ ਤਾਕਤਵਰ ਹੋ ਜਾਣਗੇ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਜੇਕਰ ਮੈਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਅਤੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਦਾ ਮਾਰਗ ਛੱਡ ਦਿਤੱਾ ਤਾਂ ਮੈਂ ਇਹਨਾ ਦੋਹਾਂ ਦੇ ਟੀਚੇ ਤੋਂ ਮੈਂ ਨਹੀਂ ਮਿਲ ਸਕਾਂਗਾ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਖ਼ਤਰਿਆਂ ਤੇ ਖ਼ੌਫ਼ ਸਮੇਂ ਸਾਦਗੀ ਦੀ ਲੋੜ ਨੂੰ ਦੇਖਦਿਆਂ ਹੋਇਆਂ ਨਿਰਦੇਸ਼ ਦਿਤੱਾ ਸੀ ਕਿ ਇਕ ਤੋਂ ਵੱਧ ਸਾਲਨ (ਸਬਜ਼ੀਆਂ) ਨ ਵਰਤੇ ਜਾਣ । ਇਕ ਵਾਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਾਹਮਣੇ ਸਿਰਕਾ ਤੇ ਲੂਣ ਰੱਖਿਆ ਗਿਆ ਤਾਂ ਆਪ ਨੇ ਕਿਹਾ ਇਹ ਦੋ ਸਾਲਨ ਹਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਾ ਇਹ ਕਰਮ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਪ੍ਰੇਮ ਵਿੱਚ ਅਤਿ ਦਾ ਪੱਖ ਰਖੱਦਾ ਹੈ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਤਹਿਰੀਕੇ ਜਦੀਦ ਦਾ ਐਲਾਨ ਕਰਦਿਆਂ ਹੋਇਆਂ ਵੀ ਮੰਗ ਕੀਤੀ ਸੀ ਕਿ ਹਰ ਅਹਮਦੀ ਇਹ ਕਰਾਰ ਕਰੇ ਕਿ ਉਹ ਅੱਜ ਤੋਂ ਕੇਵਲ ਇਕ ਸਾਲਨ ਵਰਤਿਆ ਕਰੇਗਾ ਤਾਂ ਜੋ ਜਮਾਤ ਦੇ ਲੋਕ ਆਪਣੇ ਖ਼ਰਚਿਆਂ ਨੂੰ ਘੱਟ ਕਰਕੇ ਚੰਦੇ ਦੇ ਸਕਣ । ਰੱਬ ਦੀ ਅਪਾਰ ਮਿਹਰ ਨਾਲ ਹੁਣ ਹਾਲਾਤ ਹੋਰ ਹਨ ਇਸ ਲਈ ਇਹ ਪਾਬੰਦੀ ਨਹੀਂ ਹੈ ਪਰ ਫਿਰ ਵੀ ਫ਼ਜ਼ੂਲ ਖਰਚੀ ਤੋਂ ਕੰਮ ਨਹੀਂ ਲੈਂਣਾ ਚਾਹੀਦਾ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਨੇ ਅਬਦੁਰ ਰਹਮਾਨ (ਰਹਿਮਾਨ ਰੱਬ ਦਾ ਬੰਦਾ) ਬਣਨ ਲਈ ਦੋ ਸ਼ਰਤਾਂ ਬਿਆਨ ਕੀਤੀਆਂ । ਪਹਿਲਾ ਇਹ ਕਿ ਆਪਣੇ ਮਾਲ ਵਿੱਚੋਂ ਫ਼ਜ਼ੂਲ ਖ਼ਰਚੀ ਨ ਕਰੇ । ਦੂਜਾ ਉਸਦਾ ਖਾਣਾ ਸ਼ਕਤੀ, ਬੱਲ ਅਤੇ ਸ਼ਰੀਰ ਨੂੰ ਸਿਥਿਰ ਰਖੱਣ ਲਈ ਅਤੇ ਵਸਤਰ ਸ਼ਰੀਰ ਨੂੰ ਢਕੱਣ ਤੇ ਸੁਰੱਖਿਅਤ ਰਖੱਣ ਲਈ ਹੋਣ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਇਕ ਵਾਰ ਸ਼ਾਮ ਦੇਸ਼ ਗਏ ਤਾਂ ਉੱਥੇ ਕੁਝ ਸਹਾਬਾ ਨੂੰ ਰੇਸ਼ਮੀ ਵਸਤਰ ਪਾਏ ਦੇਖਕੇ ਬਹੁਤ ਬੁਰਾ ਮਨਾਇਆ । ਇਸ'ਤੇ ਇਕ ਸਹਾਬੀ ਨੇ ਉਸਦੇ ਹੇਠਾਂ ਮੋਟੀ ਉਨ ਦਾ ਸਖ਼ਤ ਕੁਰਤਾ ਪਾਇਆ ਹੋਇਆ ਦਿਖਾਕੇ ਦੱਸਿਆ ਕਿ ਅਸੀਂ ਆਪਣੇ ਵਸਤਰਾਂ ਨੂੰ ਦੇਸ਼ ਦੀ ਰਾਜਨੀਤੀ ਦੇ ਰੂਪ ਵਿੱਚ ਬਦਲਿਆ ਹੋਇਆ ਹੈ ਕਿਉਂਕਿ ਇੱਥੇਂ ਦੇ ਲੋਕ ਸ਼ਾਨ ਸ਼ੌਕਤ ਨਾਲ ਰਹਿਣ ਵਾਲੇ ਅਮੀਰਾਂ ਨੂੰ ਦੇਖਣ ਦੇ ਆਦੀ ਹਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦਿਖਾਵੇ ਤੇ ਸ਼ਾਨ ਸ਼ੌਕਤ ਵਾਲੇ ਵਸਤਰਾਂ ਦੇ ਐਨੇ੍ ਵਿਰੋਧੀ ਸਨ ਕਿ ਫ਼ਤਹ ਕੀਤੇ ਦੁਸ਼ਮਣ ਲਈ ਵੀ ਇਹ ਪਸੰਦ ਨਹੀਂ ਕਰਦੇ ਸਨ ਕਿ ਉਹ ਕੋਈ ਅਜਿਹਾ ਵਸਤਰ ਪਾਕੇ ਉਹਨਾ ਦੇ ਸਾਹਮਣੇ ਆਏ ਜੋ ਸ਼ਾਨ ਸ਼ੌਕਤ ਵਾਲਾ ਹੋਵੇ, ਤੁਸਤਰ ਦੀ ਜਿੱਤ ਸਮੇਂ ਫ਼ਾਰਸੀ ਸਿਪਾਸਾਲਾਰ ਹਰਮਜ਼ਾਨ ਨੂੰ ਜੱਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਸਾਹਮਣੇ ਰੇਸ਼ਮੀ ਵਸਤਰਾਂ ਵਿੱਚ ਭੇਜਿਆ ਗਿਆ ਤਾਂ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਮੈਂ ਅੱਗ ਤੋਂ ਰੱਬ ਦੀ ਪਨਾਹ ਮੰਗਦਾ ਹਾਂ ਅਤੇ ਰੱਬ ਤੋਂ ਮਦਦ ਮੰਗਦਾ ਹਾਂ । ਜੱਦ ਤੱਕ ਹਰਮਜ਼ਾਨ ਦੇ ਜ਼ਰਕ ਬਰਕ (ਭੜਕੀਲੇ) ਵਸਤਰ ਤੇ ਗਹਿਣੇ ਨ ਉਤਾਰੇ ਗਏ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਉਸ ਨਾਲ ਗੱਲ ਨ ਕੀਤੀ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਵਿਨਮ੍ਰਤਾ ਤੇ ਸੰਜਮਤਾ ਦੇ ਮਿਆਰ ਬਾਰੇ ਇਸ ਗੱਲ ਤੋਂ ਅਨੁਮਾਨ ਹੁੰਦਾ ਹੈ ਕਿ ਹਜ਼ਰਤ ਉਰਵਹ ਬਿਨ ਜ਼ੁਬੈਰ ਤੋਂ ਰਿਵਾਇਤ ਹੈ ਹੈ ਕਿ ਮੈਂ ਉਮਰ ਬਿਨ ਖ਼ਤਾਬ ਨੂੰ ਮੋਢਿਆਂ'ਤੇ ਪਾਣੀ ਦਾ ਇਕ ਮਸ਼ਕੀਜ਼ਾ ਚੁੱਕੇ ਹੋਏ ਦੇਖਿਆ ਤਾਂ ਮੈਂ ਕਿਹਾ ਹੇ ਅਮੀਰੁਲ ਮੋਮਿਨੀਨ ਆਪ ਲਈ ਇਹ ਉਚਿਤ ਨਹੀਂ ਹੈ, ਆਪ ਨੇ ਫ਼ਰਮਾਇਆ ਕਿ ਜੱਦ ਵੱਖ ਵੱਖ ਕੌਮਾ ਦੇ ਜੱਥੇ ਅਗਿਆਕਾਰੀ ਤੇ ਤਾਬਿਆਦਾਰੀ ਦਾ ਪ੍ਰਗਟਾਵਾ ਕਰਦਿਆਂ ਹੋਇਆਂ ਮੇਰੇ ਕੋਲ ਆਉਂਦੇ ਹਨ ਤਾਂ ਮੇਰੇ ਦਿਲ ਵਿੱਚ ਆਪਣੀ ਵੱਡਿਆਈ ਦਾ ਅਹਿਸਾਸ ਹੋਇਆ ਇਸ ਲਈ ਮੈਂ ਸੋਚਿਆ ਕਿ ਮੈਂ ਇਸ ਨੂੰ ਇਸ ਪ੍ਰਕਾਰ ਤੋੜਾਂ ਕਿ ਪਾਣੀ ਦਾ ਮਸਕੀਜ਼ਾ ਚੁੱਕ ਕੇ ਲੈ ਜਾਵਾਂ । ਇਕ ਵਾਰ ਹੱਜ ਤੋਂ ਆਉਂਦਿਆਂ ਹੋਇਆਂ ਇਕ ਰੁੱਖ ਨੇੜੇ ਖੜੇ ਹੋ ਗਏ । ਫ਼ਰਮਾਇਆ ਕਿ ਇਕ ਸਮਾਂ ਸੀ ਜੱਦ ਮੈਂ ਆਪਣੇ ਇਕ ਉਠ ਨੂੰ ਚਰਾਉਂਦਾ ਸੀ ਅਤੇ ਇਸ ਰੁੱਖ ਹੇਠਾਂ ਲੇਟਣ ਕਰਕੇ ਮੇਰੇ ਪਿਤਾ ਨੇ ਮੈਨੂੰ ਬਹੁਤ ਡਾਂਟਿਆਂ ਸੀ ਅਤੇ ਹੁਣ ਇਹ ਸਮਾਂ ਹੈ ਕਿ ਕਈ ਲੱਖ ਵਿਅਕਤੀ ਮੇਰੇ ਇਕ ਸੰਕੇਤ'ਤੇ ਜਾਨ ਨਿਛਾਵਰ ਕਰਨ ਨੂੰ ਤਿਆਰ ਹਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆ ਕਿ ਮੈਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੂੰ ਕੁਬੂਲ ਕੀਤਾ ਤਾਂ ਰੱਬ ਨੇ ਮੈਨੂੰ ਇਹ ਦਰਜਾ ਦਿਤੱਾ । ਮੁਸਲਿਹ ਮੌਊਦ ਫ਼ਰਮਾਉਂਦੇ ਹਨ ਕਿ ਦੇਖੋ ਇਕ ਉਠ ਦਾ ਚਰਵਾਹਾ ਅਤੇ ਸਲਤਨਤ (ਰਾਜਪਾਠ) ਕੀ ਸੰਬੰਧ ਰਖੱਦੇ ਹਨ, ਪਰ ਦੇਖੋ ਕਿ ਇਹਨਾ ਨੇ ਉਹ ਕੁਝ ਕੀਤਾ ਕਿ ਅੱਜ ਦੁਨੀਆ ਉਹਨਾ ਅੱਗੇ ਸਿਰ ਝੁਕਾਉਂਦੀ ਹੈ ਅਤੇ ਉਹਨਾ ਦੀ ਰਾਜਨੀਤਿਕਤਾ ਦੀ ਪ੍ਰਸ਼ੰਸਾ ਕਰਦੀ ਹੈ । ਫਿਰ ਦੇਖੋ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਇਕ ਸਾਧਾਰਣ ਵਪਾਰੀ ਸਨ, ਪਰ ਹੁਣ ਦੁਨੀਆ ਹੈਰਾਨ ਹੈ ਕਿ ਉਹਨਾਂ ਨੂੰ ਇਹ ਬੋਧ ਤੇ ਚਿੰਤਨ ਕਿੱਥੋਂ ਮਿਲ ਗਿਆ । ਮੈਂ ਦਸੱਦਾ ਹਾਂ ਕਿ ਉਹਨਾ ਨੂੰ ਇਹ ਸਭ ਕੁਝ ਕੁਰਆਨ ਸ਼ਰੀਫ਼ ਵਿੱਚੋਂ ਮਿਲਿਅ, ਉਹਨਾ ਨੇ ਕੁਰਆਨ ਸ਼ਰੀਫ਼'ਤੇ ਗ਼ੌਰ ਕੀਤਾ ਇਸ ਲਈ ਉਹਨਾ ਨੂੰ ਉਹ ਕੁਝ ਆ ਗਿਆ ਜੋ ਸਾਰੀ ਦੁਨੀਆ ਨੂੰ ਨਹੀਂ ਆਉਂਦਾ ਸੀ ਕਿਉਂਕਿ ਕੁਰਆਨ ਸ਼ਰੀਫ਼ ਇਕ ਅਜਿਹਾ ਹੱਥਿਆਰ ਹੈ ਕਿ ਜੱਦ ਇਸ ਨਾਲ ਮਨ ਨੂੰ ਜੋੜਿਆ ਜਾਏ ਤਾਂ ਅਜਿਹਾ ਸਾਫ਼ ਹੋ ਜਾਂਦਾ ਹੈ ਕਿ ਸਾਰੀ ਦੁਨੀਆ ਦੇ ਗਿਆਨ ਇਸ ਵਿੱਚ ਦਿਖਾਈ ਦਿੰਦੇ ਹਨ ਅਤੇ ਮੁਨੁੱਖ'ਤੇ ਇਕ ਅਜਿਹਾ ਦਰ ਖ਼ੁੱਲ ਜਾਂਦਾ ਹੈ ਕਿ ਫਿਰ ਕਿਸੇ ਦੇ ਰੋਕੇ ਹੋਏ ਗਿਆਨ ਜੋ ਉਸ ਦੇ ਦਿਲ'ਤੇ ਉਤਾਰੇ ਜਾਂਦੇ ਹਨ, ਨਹੀਂ ਰੁੱਕ ਸਕਦੇ । ਇਸ ਲਈ ਹਰ ਇਕ ਮਨੁੱਖ ਲਈ ਜ਼ਰੂਰੀ ਹੈ ਕਿ ਉਹ ਕੁਰਆਨ ਸ਼ਰੀਫ਼ ਨੂੰ ਪੜ੍ਹੇ ਅਤੇ ਇਸ'ਤੇ ਗ਼ੌਰ ਕਰਨ ਦਾ ਜਤਨ ਕਰੇ ।

ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੀ ਵਿਨਮ੍ਰਤਾ ਤੇ ਸੰਜਮਤਾ ਬਾਰੇ ਇਕ ਰਿਵਾਇਤ ਵਿੱਚ ਵਰਨਣਨ ਇਉਂ ਮਿਲਦਾ ਹੈ : ਜਬੀਰ ਬਿਨ ਨਫ਼ੀਰ ਰਜ਼ੀ ਅਲੱਾਹੁ ਅਨਹੁ ਤੋਂ ਰਿਵਾਇਤ ਹੈ ਕਿ ਇਕ ਜਮਾਤ ਨੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਸੰਬੋਧਤ ਕਰਕੇ ਕਿਹਾ ਕਿ ਰੱਬ ਦੀ ਸਹੁੰ ! ਅਸੀਂ ਕਿਸੇ ਵਿਅਕਤੀ ਨੂੰ ਆਪ ਤੋਂ ਵੱਧ ਨਿਆਏ ਕਰਨ ਵਾਲਾ, ਸੱਚੀ ਗੱਲ ਆਖਣ

ਵਾਲਾ ਅਤੇ ਮੁਨਾਫ਼ਕਾਂ'ਤੇ ਸਖ਼ਤੀ ਕਰਨ ਵਾਲਾ ਨਹੀਂ ਦੇਖਿਆ । ਔਫ਼ ਬਿਨ ਮਾਲਕ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਕਿ ਰੱਬ ਦੀ ਸਹੁੰ ! ਅਸੀਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਬਾਦ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਤੋਂ ਬਿਹਤਰ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੂੰ ਦੇਖਿਆ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਫ਼ਰਮਾਇਆਕਿ ਔਫ਼ ਨੇ ਸੱਚ ਬੋਲਿਆ । ਰੱਬ ਦੀ ਸਹੁੰ ! ਅਬੂ ਬਕਰ ਰਜ਼ੀ ਅਲੱਾਹੁ ਅਨਹੁ ਮੁਸ਼ਕ (ਕਸਤੂਰੀ) ਦੀ ਖ਼ੁਸ਼ਬੋ ਤੋਂ ਵੀ ਬਹੁਤੇ ਪਵਿੱਤਰ ਹਨ ਅਤੇ ਮੈਂ ਆਪਣੇ ਘਰ ਵਾਲਿਆਂ ਦੇ ਊਠਾਂ ਤੋਂ ਵੀ ਵੱਧ ਭਟਕਿਆ ਹੋਇਆਂ ਹਾਂ ।

ਹਜ਼ਰਤ ਅਬੂ ਹੁਰੈਰਾ ਰਜ਼ੀ ਅਲੱਾਹੁ ਅਨਹੁ ਦੀ ਰਿਵਾਇਤ ਹੈ ਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਸਣੇ ਅਸੀਂ ਲੋਕ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਬੈਠੇ ਸਨ ਕਿ ਆਪ ਸਲਲੱਾਹੁ ਅਲੈਹਿ ਵਸਲੱਮ ਉਠੱਕੇ ਚਲੇ ਗਏ ਅਤੇ ਆਪਦੀ ਵਾਪਸੀ ਵਿੱਚ ਦੇਰ ਹੋ ਗਈ । ਮੈਨੂੰ ਚਿੰਤਾ ਹੋਈ ਤਾਂ ਆਪਨੂੰ ਭਾਲਦਿਆਂ ਹੋਇਆਂ ਇਕ ਬਾਗ਼ ਵਿੱਚ ਦੇਖਿਆ । ਆਪਨੇ ਮੈਨੂੰ ਆਪਣੀਆਂ ਜੁੱਤੀਆਂ ਦਿੱਤੀਆਂ ਅਤੇ ਫ਼ਰਮਾਇਆ ਜੋ ਕੋਈ ਇਸ ਬਾਗ਼ ਦੇ ਪਰੇ ਮਿਲੇ ਅਤੇ ਮਨ ਵਿੱਚ ਵਿਸ਼ਵਾਸ ਰੱਖਦਿਆਂ ਹੋਇਆਂ ਇਹ ਗਵਾਹੀ ਦੇਵੇ ਕਿ ਰੱਬ ਤੋਂ ਬਿਨਾ ਕੋਈ ਇਬਾਦਤ ਯੋਗ ਨਹੀਂ ਤਾਂ ਉਸਨੂੰ ਸਵਰਗ ਦੀ ਖ਼ੁਸ਼ਖ਼ਬਰੀ ਦੇ ਦਿਓ । ਸਭ ਤੋਂ ਪਹਿਲਾਂ ਮੈਨੂੰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਮਿਲੇ, ਉਹਨਾ ਨੇ ਇਹ ਸੁਣਦਿਆਂ ਹੀ ਮੈਨੂੰ ਵਾਪਸ ਭੇਜਿਆ ਅਤੇ ਨਾਲ ਹੀ ਆਪ ਵੀ ਆਣ ਪਹੁੰਚੇ ਅਤੇ ਅਰਜ਼ ਕੀਤੀ ਕਿ ਹੇ, ਰਸੂਲੁਲੱਾਹ ! ਸਲਲੱਾਹੁ ਅਲੈਹਿ ਵਸਲੱਮ ਅਜਿਹਾ ਨ ਕਰੋ ਲੋਕ ਕੇਵਲ ਇਸੇ'ਤੇ ਭਰੋਸਾ ਕਰਨ ਲੱਗ ਜਾਣਗੇ । ਚੰਗਾ ਇਹੋ ਹੈ ਕਿ ਉਹ ਨੇਕੀਆਂ ਦੇ ਨਿਰਦੇਸ਼ਾਂ ਉਪੱਰ ਅਮਲ ਕਰਨ ਤਾਂ ਜੋ ਹਕੀਕੀ ਮੋਮਿਨ ਬਣ ਸਕਣ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਇਸੇ ਪ੍ਰਕਾਰ ਕਰਨ ਦੀ ਆਗਿਆ ਦਿੱਤੀ । ਹਜ਼ਰਤ ਸਅਦ ਬਿਨ ਵਕਾਸ ਰਜ਼ੀ ਅਲੱਾਹੁ ਅਨਹੁ ਰਿਵਾਇਤ ਕਰਦੇ ਹਨ ਕਿ ਕੁਰੈਸ਼ ਦੀਆਂ ਕੁਝ ਇਸਤਰੀਆਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨਾਲ ਉੱਚੇ ਸਵਰ ਵਿੱਚ ਗਲੱਾਂ ਕਰ ਰਹੀਆਂ ਸਨ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਆਉਣ'ਤੇ ਡਰ ਮਾਰੇ ਛੇਤੀ ਨਾਲ ਪਰਦੇ ਵਿੱਚ ਚਲੀਆਂ ਗਈਆਂ । ਹਜ਼ਰਤ ਆਇਸ਼ਾ ਬਿਆਨ ਕਰਦੀ ਹਨ ਕਿ ਹਬਸ਼ਾ ਦੀ ਇਕ ਇਸਤਰੀ ਨਚੱਕੇ ਕਰਤਬ ਦਿਖਾ ਰਹੀ ਸੀ । ਮੈਂ ਵੀ ਆਪਣੀ ਠੋਡੀ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਮੋਢਿਆਂ'ਤੇ ਰਖੱਕੇ ਦੇਖਣ ਲੱਗੀ । ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਆਏ ਤਾਂ ਲੋਕ ਭੱਜ ਗਏ । ਹਜ਼ਰਤ ਬਰੀਦਹ ਰਜ਼ੀ ਅਲੱਾਹੁ ਅਨਹੁ ਬਿਆਨ ਕਰਦੇ ਹਨ ਕਿ ਇਕ ਕਾਲੇ ਰੰਗ ਦੀ ਇਸਤਰੀ ਨੇ ਮਿਨੱਤ ਮਨੱਣ ਕਰਕੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਆਗਿਆ ਨਾਲ ਡਫ਼ਲੀ ਵਜਾਉਣ ਲੱਗੀ । ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ, ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਸਮਾਨ ਰਜ਼ੀ ਅਲੱਾਹੁ ਅਨਹੁ ਆਏ ਪਰ ਫਿਰ ਵੀ ਡਫ਼ਲੀ ਵਜਾਉਂਦੀ ਰਹੀ, ਪਰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਦੇ ਆਉਂਣ'ਤੇ ਡਫ਼ਲੀ ਵਜਾਉਂਣੀ ਬੰਦ ਕਰ ਦਿੱਤੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਹੇ, ਉਮਰ ! ਸ਼ੈਤਾਨ ਵੀ ਤੇਥੋਂ ਡਰਦਾ ਹੈ ।

ਹਜ਼ਰਤ ਅਬਦੁਲੱਾਹ ਬਿਨ ਉਮਰ ਰਜ਼ੀ ਅਲੱਾਹੁ ਅਨਹੁ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਰੱਬ ਸਚੱਾਈ ਨੂੰ ਉਮਰ ਰਜ਼ੀ ਅਲੱਾਹੁ ਅਨਹੁ ਦੇ ਮੂੰਹ ਤੇ ਦਿਲ'ਤੇ ਜਾਰੀ ਕਰ ਦਿਤੱਾ ਹੈ । ਹਜ਼ਰਤ ਇਬਨੇ ਅਬੱਾਸ ਰਜ਼ੀ ਅਲੱਾਹੁ ਅਨਹੁ ਆਪਣੇ ਭਾਈ ਫ਼ਜ਼ਲ ਤੋਂ ਰਿਵਾਇਤ ਕਰਦੇ ਹਨ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਇਹ ਫ਼ਰਮਾਉਂਦਿਆਂ ਹੋਇਆਂ ਸੁਣਿਆ ਕਿ ਉਮਰ ਬਿਨ ਖ਼ਤਾਬ (ਰਜ਼ੀ ਅਲੱਾਹੁ ਅਨਹੁ) ਮੇਰੇ ਨਾਲ ਹੁੰਦਾ ਹੈ ਤਾਂ ਜਿੱਥੇ ਮੈਂ ਪਸੰਦ ਕਰਦਾ ਹਾਂ ਅਤੇ ਮੈਂ ਉਸ ਦੇ ਨਾਲ ਹੁੰਦਾ ਹਾਂ ਜਿੱਥੇ ਉਹ ਪਸੰਦ ਕਰਦਾ ਹੈ ਅਤੇ ਮੇਰੇ ਬਾਦ ਉਮਰ ਬਿਨ ਖ਼ਤਾਬ ਰਜ਼ੀ ਅਲੱਾਹੁ ਅਨਹੁ ਜਿੱਥੇ ਹੋਵੇਗਾ ਸਚੱਾਈ ਉਸਦੇ ਨਾਲ ਰਹੇਗੀ ।

ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹੁ ਅਨਹੁ ਫ਼ਰਮਾਉਂਦੇ ਹਨ ਕਿ ਸੰਧੀ ਹੁੰਦਿਆਂ ਹੋਇਆਂ ਵੀ ਮੱਕੇ ਵਾਲਿਆਂ ਦੀ ਗ਼ਦੱਾਰੀ'ਤੇ ਉਹਨਾਂ ਨਾਲ ਮੁਕਾਬਲੇ ਲਈ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਕਿ ਮੈਂ ਤਾਂ ਪ੍ਰਤੀਦਿਨ ਦੁਆਵਾਂ ਕਰਦਾ ਸੀ ਕਿ ਅਸੀਂ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਸੀ ਸੁਰੱਖਿਆ ਵਿੱਚ ਕਾਫ਼ਰਾਂ

ਨਾਲ ਲੜੀਏ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਸੱਚੀ ਗੱਲ ਉਮਰ ਦੇ ਮੂੰਹੋਂ ਹੀ ਅਧਿਕਤਰ ਜਾਰੀ ਹੁੰਦੀ ਹੈ ।

ਹਜ਼ਰਤ ਅਨਸ ਰਜ਼ੀ ਅਲੱਾਹੁ ਅਨਹੁ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਸਹਾਬਾ ਵਿੱਚ ਬੈਠੇ ਹੋਏ ਹੁੰਦੇ ਤਾਂ ਕੋਈ ਆਪਣੀ ਨਿਗਾਹ ਆਪ ਵੱਲ ਨਹੀਂ ਚੁਕੱਦਾ ਸੀ, ਪਰੰਤੂ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਹਜ਼ਰਤ ਉਮਰ ਰਜ਼ੀ ਅਲੱਾਹੁ ਅਨਹੁ ਆਪ ਨੂੰ ਦੇਖਦੇ ਅਤੇ ਮੁਸਕਰਾਉਂਦੇ ਅਤੇ ਆਪ ਸਲਲੱਾਹੁ ਅਲੈਹਿ ਵਸਲੱਮ ਇਹਨਾ ਦੋਹਾਂ ਨੂੰ ਦੇਖਦੇ ਅਤੇ ਮੁਸਕਰਾਉਂਦੇ । ਅਬਦੁਲੱਾਹ ਬਿਨ ਹਨਤਬ ਰਜ਼ੀ ਅਲੱਾਹੁ ਅਨਹੁ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਉਮਰ ਰਜ਼ੀ ਅਲੱਾਹੁ ਅਨਹੁ ਨੂੰ ਦੇਖਕੇ ਫ਼ਰਮਾਇਆ ਇਹ ਦੋਵੇਂ ਕੰਨ੍ਹ ਤੇ ਅੱਖ ਹਨ । ਹਜ਼ਰਤ ਜਾਬਰ ਬਿਨ ਅਬਦੁਲੱਾਹ ਰਜ਼ੀ ਅਲੱਾਹੁ ਅਨਹੁ ਤੋਂ ਰਿਵਾਇਤ ਹੈ ਕਿ ਹਜ਼ਰਤ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਨੇ ਕਿਹਾ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਇਹ ਫ਼ਰਮਾਉਂਦਿਆਂ ਹੋਇਆਂ ਸੁਣਿਆ ਹੈ ਕਿਸੇ ਵਿਅਕਤੀ ਤੇ ਸੂਰਜ ਨਹੀਂ ਚੜ੍ਹਿਆ ਜੋ ਉਮਰ ਰਜ਼ੀ ਅਲੱਾਹੁ ਅਨਹੁ ਤੋਂ ਬਿਹਤਰ ਹੋਵੇ । ਹਜ਼ਰਤ ਹਜ਼ੀਫ਼ਾ ਤੋਂ ਰਿਵਾਇਤ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਮੇਰੇ ਬਾਦ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਅਤੇ ਉਮਰ ਰਜ਼ੀ ਅਲੱਾਹੁ ਅਨਹੁ ਦੀ ਪੈਰ੍ਹਵੀ ਕਰਨਾ ।

ਹਜ਼ਰਤ ਅਬੂ ਸਈਦ ਖ਼ੁਦਰੀ ਰਜ਼ੀ ਅਲੱਾਹੁ ਅਨਹੁ ਬਿਆਨ ਕਰਦੇ ਹਨ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ, ਹਰ ਨਬੀ ਦੇ ਦੌਰ ਵਿੱਚ ਅਕਾਸ਼ ਵਿੱਚੋਂ ਦੋ ਵਜ਼ੀਰ ਅਤੇ ਧਰਤੀ ਵਾਸੀਆਂ ਵਿੱਚੋਂ ਵੀ ਦੋ ਵਜ਼ੀਰ ਹੁੰਦੇ ਹਨ । ਆਕਾਸ਼ ਵਿੱਚੋਂ ਮੇਰੇ ਦੋ ਵਜ਼ੀਰ ਜਿਬਰੀਲ ਅਤੇ ਮੀਕਾਇਲ ਅਤੇ ਧਰਤੀ ਵਾਸੀਆਂ ਵਿੱਚੋਂ ਮੇਰੇ ਦੋ ਵਜ਼ੀਰ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਤੇ ਉਮਰ ਰਜ਼ੀ ਅਲੱਾਹੁ ਅਨਹੁ ਹਨ । ਅਬੂ ਹਜੀਫ਼ਹ ਕਹਿੰਦੇ ਹਨ ਕਿ ਮੈਂ ਹਜ਼ਰਤ ਅਲੀ ਰਜ਼ੀ ਅਲੱਾਹੁ ਅਨਹੁ ਤੋਂ ਸੁਣਿਆ ਕਿ ਇਸ ਉਮੱਤ ਵਿੱਚ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਬਾਦ ਸਭ ਤੋਂ ਚੰਗੇ ਅਬੂ ਬਕਰ ਰਜ਼ੀ ਅਲੱਾਹੁ ਅਨਹੁ ਹਨ ਫਿਰ ਉਮਰ ਰਜ਼ੀ ਅਲੱਾਹੁ ਅਨਹੁ ਹਨ ।

ਇਹ ਜ਼ਿਕਰ ਅਜੇ ਚੱਲ ਰਿਹਾ ਹੈ ਭਵਿੱਖ ਵਿੱਚ ਵੀ ਇਨਸ਼ਾਅਲੱਾਹ ਵਰਨਣ ਹੋਵੇਗਾ ।

ਹਜ਼ੂਰ ਅਨਵਰ ਅੰਤ ਵਿੱਚ ਮੁਕਰੱਮ ਕਾਮਰਾਨ ਅਹਮਦ ਸਾਹਬ ਆਫ਼ ਪਿਸ਼ਾਵਰ ਦੀ ਸ਼ਹੀਦੀ, ਮੁਕਰੱਮ ਡਾਕਟਰ ਮਿਰਜ਼ਾ ਨਬੀਰ ਅਹਮਦ ਅਤੇ ਉਹਨਾ ਦੀ ਸੁਪਤਨੀ ਮੁਕਰੱਮ ਆਇਸ਼ਾ ਅੰਬਰ ਸਯੱਦ ਦੀ ਅਮਰੀਕਾ ਵਿੱਚ ਇਹ ਹਾਦਸੇ ਵਿੱਚ ਦੇਹਾਂਤ ਅਤੇ ਮੁਕਰੱਮ ਚੌਧਰੀ ਨਸੀਰ ਅਹਮਦ ਸਾਹਬ ਕਰਾਚੀ ਅਤੇ ਮੁਕਰੱਮਾ ਸਰਦਾਰਾਂ ਬੀਬੀ ਸਾਹਿਬਾ ਦਾਰੁਰਹਮਤ ਗ਼ਰਬੀ ਰਬਵਾਹ ਦੇ ਦੇਹਾਂਤ'ਤੇ ਇਹਨਾ ਸਾਰਿਆਂ ਦਾ ਜ਼ਿਕਰੇ ਖ਼ੈਰ ਕਰਦਿਆਂ ਹੋਇਆਂ ਇਹਨਾ ਦੀਆਂ ਜਮਾਤੀ ਸੇਵਾਵਾਂ ਦੀ ਵੀ ਚਰਚਾ ਕੀਤੀ ਅਤੇ ਜੁਮਏ ਦੀ ਨਮਾਜ਼ ਦੇ ਬਾਦ ਜਨਾਜ਼ਾਹ ਗ਼ਾਇਬ ਪੜ੍ਹਾਉਣ ਦਾ ਵੀ ਐਲਾਨ ਕੀਤਾ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ
يُّضْلِلْهُ فَلَا هَادِيَ لَهٗ وَنَشْهَدُ أَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمكم الله اِنَّ اللّٰهَ يَأْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى
وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ ـ

**Khulasa Khutba Jumma 12.11.2021**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)